**Exam. Code : 121201**
**Subject Code : 102666**

**B.A./B.Sc. 1st Sem. (Batch 2024-27/28) (CBGS)**

**PUNJABI (Compulsory)–I**

Time Allowed—3 Hours] [Maximum Marks—100

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ੳ**

1. ਨਿਮਨਲਿਖਤ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਪੇਸ਼ ਕਰੋ :

ਸੋਹਣਿਆ! ਦੱਸ ਨਾ, ਉਹ ਵੇਲੇ ਕਿੱਧਰ ਲੰਘ ਗਏ ?
ਉਹ ਪਿੱਪਲਾਂ ਦੇ ਪੱਤਿਆਂ ਦੀ ਝੂਮ ਝੂਮ,
ਜਿਹੜੀ ਸਾਡੇ ਗੂੰਗੇ ਦਿਲਾਂ ਨੂੰ ਵਲੂੰਧਰਦੀ ਸੀ,
ਉਹ ਖੜਕਦੇ ਕਿਉਂ ਨਿੰਮੋਝੂਣ ਹੋ ਅੱਜ,
ਕੋਈ ਨਾਚ ਉਨ੍ਹਾਂ ਨਾਂਹ ਦੇਖਣੇ ਆਉਂਦਾ,
ਕੀ ਅੰਦਰ ਦੀ ਖੁਸ਼ੀ ਸਾਰੀ ਮਰ ਗਈ ?
ਭੱਠ ਪਈ ਅੱਜ ਦੀ ਸਭਿਅਤਾ,
ਜਿਹੜੀ ਦੌੜਦੀ, ਹਫ਼ਦੀ, ਦੌੜ ਦੌੜ, ਆਰਾਮ ਚਾਹੇ ਲੈਣਾ,
ਇਕੋ ਵੇਰੀ, ਇਕੋ ਦਿਨ, ਦੋਹਾਂ ਹੱਥਾਂ ਨਾਲ। 20

2. 'ਮਜ਼ਦੂਰ ਕਵਿਤਾ ਦਾ ਵਿਸ਼ਾ-ਵਸਤੂ ਬਿਆਨ ਕਰੋ। 20

## ਭਾਗ—ਅ

3. ਕੇ. ਐਲ. ਸਹਿਗਲ ਰੇਖਾ ਚਿੱਤਰ ਦਾ ਵਿਸ਼ਾ-ਵਸਤੂ ਉਲੀਕੋ। 20

4. ਪ੍ਰਿਥਵੀ ਰਾਜ ਕਪੂਰ ਰੇਖਾ ਚਿੱਤਰ ਦੇ ਆਧਾਰ ਉੱਤੇ ਉਸ ਦਾ ਨਾਇਕ ਬਿੰਬ ਪ੍ਰਸਤੁਤ ਕਰੋ। 20

## ਭਾਗ—ੲ

5. ਕਿਸੇ **ਇੱਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਲਿਖੋ :

   (1) ਸਾਈਬਰ ਅਪਰਾਧ

   (2) ਸੰਤੁਲਿਤ ਖੁਰਾਕ

   (3) ਘਰੇਲੂ ਬਗੀਚਾ। 20

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

   ਸਕਾਟਲੈਂਡ ਵਿੱਚ ਐਬਰਡੀਨ ਦੀ ਯੂਨੀਵਰਸਿਟੀ ਪੰਛੀਆਂ ਬਾਬਤ ਤਜਰਬੇ ਕਰਦੀ ਹੈ। ਲੱਖਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ, ਇਹ ਵੇਖਣ ਲਈ ਕਿ ਅਬਾਬੀਲਾਂ ਕੇਡੀ-ਕੇਡੀ ਦੂਰ ਜਾਂਦੀਆਂ ਹਨ। ਇਕ ਤਜਰਬੇ ਸਦਕਾ ਉਹਨਾਂ ਦੇ ਸੱਤ ਹਜ਼ਾਰ ਆਲ੍ਹਣੇ ਦੇ ਬੱਚਿਆਂ ਦੇ ਪੈਰੀਂ ਐਲੂਮੀਨੀਅਮ ਦੀਆਂ ਨੰਬਰਾਂ ਵਾਲੀਆਂ ਕੜੀਆਂ ਪਾਈਆਂ ਗਈਆਂ। ਇਨ੍ਹਾਂ ਵਿਚੋਂ ਸੱਠ ਅਬਾਬੀਲਾਂ ਦੂਰ-ਦੂਰ ਮੁਲਕਾਂ ਵਿੱਚ ਫੜੀਆਂ ਗਈਆਂ। ਜਿਥੋਂ ਪਤਾ ਲਗਦਾ ਹੈ ਕਿ ਅਬਾਬੀਲਾਂ ਸੱਤ ਹਜ਼ਾਰ ਕੋਹਾਂ ਦਾ ਸਫ਼ਰ ਇਕ ਮੌਸਮ ਵਿੱਚ ਕਰਦੀਆਂ ਹਨ। ਇਕ ਹੋਰ ਪੰਛੀ ਹੈ ਜਿਹੜਾ 11 ਹਜ਼ਾਰ ਮੀਲ ਇਕ ਮੌਸਮ ਵਿਚ ਤੁਰਦਾ ਹੈ। ਕਹਿੰਦੇ ਇਹ ਪੰਛੀ ਸਭ ਪੰਛੀਆਂ

ਨਾਲੋਂ ਬਹੁਤ ਧੁਪ ਮਾਣਦਾ ਹੈ। ਵਰ੍ਹੇ ਵਿੱਚ ਅੱਠ ਮਹੀਨੇ ਰੋਜ਼ਾਨਾ ਚੌਵੀ ਘੰਟੇ ਧੁੱਪ ਵਿੱਚ ਰਹਿੰਦਾ ਹੈ। ਉਹ ਉੱਤਰੀ ਧਰੂ ਵਿਚ ਚਲਾ ਜਾਂਦਾ ਹੈ, ਓਦੋਂ ਜਦੋਂ ਚਾਰ ਮਹੀਨੇ ਲਗਾਤਾਰ ਉਥੇ ਸੂਰਜ ਨਹੀਂ ਛੁਪਦਾ। ਫੇਰ ਉਹ ਦੱਖਣੀ ਧਰੂ ਵਿੱਚ ਆ ਜਾਂਦਾ ਹੈ, ਜਦੋਂ ਉਥੇ ਸੂਰਜ ਨਹੀਂ ਡੁਬਦਾ। ਇਹ ਇਕ ਸਿਰੇ ਤੋਂ ਦੂਜੇ ਸਿਰੇ ਤਕ ਚੱਕਰ ਲਾਂਦਾ ਰਹਿੰਦਾ ਹੈ। ਚਾਨਣ ਦਾ ਪ੍ਰੇਮੀ ਹੈ- ਚਾਨਣ ਦੀਆਂ ਕਿਰਨਾਂ ਲਈ ਦੌਰਾ ਕਰਦਾ ਰਹਿੰਦਾ ਹੈ।

**ਪ੍ਰਸ਼ਨ :**

(ੳ) ਕਿਹੜੀ ਯੂਨੀਵਰਸਿਟੀ ਪੰਛੀਆਂ ਬਾਰੇ ਤਜਰਬੇ ਕਰਦੀ ਹੈ ?

(ਅ) ਅਬਾਬੀਲ ਕਿੰਨੀ ਦੂਰ ਜਾਂਦੀਆਂ ਹਨ, ਇਹ ਵੇਖਣ ਲਈ ਕੀ ਕੀਤਾ ਗਿਆ ?

(ੲ) ਅਬਾਬੀਲਾਂ ਇਕ ਮੌਸਮ ਵਿਚ ਕਿੰਨਾ ਸਫ਼ਰ ਕਰਦੀਆਂ ਹਨ ?

(ਸ) ਪੱਛੀ ਸਭ ਤੋਂ ਜ਼ਿਆਦਾ ਧੁੱਪ ਮਾਨਣ ਲਈ ਕੀ ਕਰਦਾ ਹੈ ?

(ਹ) ਲਕੀਰੇ ਸ਼ਬਦਾਂ ਦੇ ਅਰਥ ਬਿਆਨੋ। 20

**ਭਾਗ—ਸ**

7. ਭਾਸ਼ਾ ਤੇ ਉਪਭਾਸ਼ਾ ਨੂੰ ਪਰਿਭਾਸ਼ਿਤ ਕਰਦਿਆਂ ਇਹਨਾਂ ਵਿਚਾਲੇ ਅੰਤਰ ਨੂੰ ਬਿਆਨ ਕਰੋ। 20

8. ਪੰਜਾਬੀ ਭਾਸ਼ਾ ਦੇ ਨਿਕਾਸ ਬਾਰੇ ਜਾਣਕਾਰੀ ਦਿਓ। 20